# ਵਿਦਿਆਰਥੀਆਂ ਨਾਲ
# ਪੱਖਪਾਤ/ਛੇੜਖਾਨੀ/ਡਰਾਉਣ-ਧਮਕਾਉਣ/ ਧੱਕੇਸ਼ਾਹੀ 'ਤੇ ਪ੍ਰਤਿਬੰਧ
# ਲਗਾਉਂਦੀ ਡਿਸਟ੍ਰਿਕਟ ਦੀ ਪਾਲਸੀ

## ਪੱਖਪਾਤ/ਛੇੜਖਾਨੀ/ਡਰਾਉਣ-ਧਮਕਾਉਣ/ ਧੱਕੇਸ਼ਾਹੀ ਵਿਰੋਧੀ ਪਾਲਸੀ

ਐਲਕ ਗ੍ਰੋਵ ਯੁਨੀਫਾਇਡ ਸਕੂਲ ਡਿਸਟ੍ਰਿਕਟ ਕਿਸੇ ਵੀ ਵਿਦਿਆਰਥੀ ਨਾਲ, ਵਿਦਿਆਰਥੀ ਦੇ ਅਸਲ ਜਾਂ ਆਪਣੇ ਵੱਲੋਂ ਮੰਨੇ ਖਾਨਦਾਨ, ਰੰਗ, ਅਪਾਹਜਤਾ, ਲਿੰਗ, ਲਿੰਗ ਪਛਾਣ, ਲਿੰਗ ਅਭਿਵਿਅਕਤੀ, ਇਮੀਗ੍ਰੇਸ਼ਨ ਸਥਿਤੀ, ਕੌਮੀਅਤ, ਜਾਤੀ ਜਾਂ ਨਸਲ, ਧਰਮ, ਲਿੰਗ, ਜਿਣਸੀ ਰੁਝਾਨ, ਉਮਰ, ਵਿਆਹੁਤਾ ਜਾਂ ਪੈਤ੍ਰਿਕ ਸਥਿਤੀ, ਜਾਂ ਇਹਨਾਂ ਵਿੱਚੋਂ ਇੱਕ ਜਾਂ ਵਧੇਰੀਆਂ ਅਸਲ ਜਾਂ ਆਪਣੇ ਵੱਲੋਂ ਮੰਨੀਆਂ ਵਿਸ਼ੇਸ਼ਤਾਵਾਂ ਵਾਲੇ ਕਿਸੇ ਵਿਅਕਤੀ ਜਾਂ ਸਮੂਹ ਦੇ ਨਾਲ ਸੰਬੰਧ ਦੇ ਅਧਾਰ 'ਤੇ, ਕਿਸੇ ਵਿਦਿਆਰਥੀ ਨਾਲ ਕਿਸੇ ਹੋਰ ਵਿਦਿਆਰਥੀ, ਕਰਮਚਾਰੀ, ਜਾਂ ਡਿਸਟ੍ਰਿਕਟ ਦੇ ਕਿਸੇ ਹੋਰ ਵਿਅਕਤੀ ਵੱਲੋਂ ਪੱਖਪਾਤ ਜਾਂ ਡਰਾਉਣ-ਧਮਕਾਉਣ, ਛੇੜਖਾਨੀ ਜਾਂ ਧੱਕੇਸ਼ਾਹੀ 'ਤੇ 'ਤੇ ਪ੍ਰਤਿਬੰਧ ਲਗਾਉਂਦਾ ਹੈ ਅਤੇ ਇਹਨਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹ ਵਿਦਿਆਰਥੀ ਜੋ ਇਹਨਾਂ ਪ੍ਰਤਿਬੰਧਿਤ ਚੀਜਾਂ ਦੇ ਅਧਾਰ 'ਤੇ ਕਿਸੇ ਹੋਰ ਵਿਦਿਆਰਥੀ ਨਾਲ ਛੇੜਖਾਨੀ ਕਰਦਾ ਹੈ, ਉਸ ਨੂੰ ਡਰਾਉਂਦਾ-ਧਮਕਾਉਂਦਾ ਹੈ, ਜਾਂ ਧੱਕੇਸ਼ਾਹੀ ਕਰਦਾ ਹੈ, ਉਹ ਕਾਉਂਸਲਿੰਗ ਜਾਂ ਉਚਿਤ ਅਨੁਸ਼ਾਸਨਕ ਕਾਰਵਾਈ ਦੇ ਅਧੀਨ ਹੋਵੇਗਾ, ਅਤੇ ਉਸ ਨੂੰ ਬਾਹਰ ਵੀ ਕੱਢਿਆ ਜਾ ਸਕਦਾ ਹੈ। ਕੋਈ ਵੀ ਕਰਮਚਾਰੀ ਜੋ ਅਜਿਹੀ ਛੇੜਖਾਨੀ, ਡਰਾਉਣ-ਧਮਕਾਉਣ ਅਤੇ ਧੱਕੇਸ਼ਾਹੀ ਦੀ ਇਜਾਜ਼ਤ ਦੇਵੇ ਜਾਂ ਇਸ ਵਿੱਚ ਸ਼ਾਮਲ ਹੋਵੇ, ਉਹ ਅਨੁਸ਼ਾਸਨਕ ਕਾਰਵਾਈ ਦੇ ਅਧੀਨ ਹੋਵੇਗਾ, ਅਤੇ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਤੱਕ ਵੀ ਕੀਤਾ ਜਾ ਸਕਦਾ ਹੈ। [BP 5145.3 (b)]

ਐਲਕ ਗ੍ਰੋਵ ਯੁਨੀਫਾਇਡ ਸਕੂਲ ਡਿਸਟ੍ਰਿਕਟ ਦੀ ਸਾਰੇ ਵਿਦਿਆਰਥੀਆਂ ਲਈ ਸਾਰੇ ਡਿਸਟ੍ਰਿਕਟ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਵਿੱਚ ਗੈਰ-ਪੱਖਪਾਤ ਦੀ ਪਾਲਸੀ ਅਤੇ ਅਮਲ ਲਾਗੂ ਹਨ। ਬੋਰਡ ਵਿਦਿਆਰਥੀ ਦੇ ਅਸਲ ਜਾਂ ਆਪਣੇ ਵੱਲੋਂ ਮੰਨੇ ਖਾਨਦਾਨ, ਰੰਗ, ਅਪਾਹਜਤਾ, ਲਿੰਗ, ਲਿੰਗ ਪਛਾਣ, ਲਿੰਗ ਅਭਿਵਿਅਕਤੀ, ਇਮੀਗ੍ਰੇਸ਼ਨ ਸਥਿਤੀ, ਕੌਮੀਅਤ, ਜਾਤ ਜਾਂ ਨਸਲ, ਧਰਮ, ਲਿੰਗ, ਜਿਣਸੀ ਰੁਝਾਨ, ਉਮਰ, ਵਿਆਹੁਤਾ ਜਾਂ ਪੈਤ੍ਰਿਕ ਸਥਿਤੀ, ਜਾਂ ਇਹਨਾਂ ਵਿੱਚੋਂ ਇੱਕ ਜਾਂ ਵਧੇਰੀਆਂ ਅਸਲ ਜਾਂ ਆਪਣੇ ਵੱਲੋਂ ਮੰਨੀਆਂ ਵਿਸ਼ੇਸ਼ਤਾਵਾਂ ਵਾਲੇ ਕਿਸੇ ਵਿਅਕਤੀ ਜਾਂ ਸਮੂਹ ਦੇ ਨਾਲ ਸੰਬੰਧ ਤੋਂ ਬੇਪਰਵਾਹ ਹੋ ਕੇ, ਦਾਖਲੇ ਵਿੱਚ ਅਤੇ ਸਿੱਖਿਆਤਮਕ ਪ੍ਰੋਗਰਾਮਾਂ, ਮਾਰਗਦਰਸ਼ਨ ਅਤੇ ਕਾਉਂਸਲਿੰਗ ਪ੍ਰੋਗਰਾਮਾਂ, ਐਥਲੈਟਿਕ ਪ੍ਰੋਗਰਾਮਾਂ, ਪਰੀਖਿਆ ਕਾਰਜਪ੍ਰਣਾਲੀਆਂ, ਅਤੇ ਹੋਰਨਾਂ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਲਈ ਬਰਾਬਰ ਅਵਸਰਾਂ ਨੂੰ ਯਕੀਨੀ ਬਣਾਏਗਾ। ਅੰਗ੍ਰੇਜ਼ੀ ਭਾਸ਼ਾ ਦੀਆਂ ਮੁਹਾਰਤਾਂ ਦੀ ਕਮੀ ਕਰੀਅਰ ਤਕਨੀਕੀ ਸਿੱਖਿਆ ਪ੍ਰੋਗਰਾਮਾਂ ਜਾਂ ਕਿਸੇ ਹੋਰ ਡਿਸਟ੍ਰਿਕਟ ਪ੍ਰੋਗਰਾਮ ਵਿੱਚ ਦਾਖਲੇ ਅਤੇ ਭਾਗੀਦਾਰੀ ਵਿੱਚ ਰੁਕਾਵਟ ਨਹੀਂ ਬਣੇਗੀ। ਸਕੂਲ ਦਾ ਸਟਾਫ ਅਤੇ ਵਲੰਟੀਅਰ ਨਿਰਦੇਸ਼, ਮਾਰਗਦਰਸ਼ਨ ਅਤੇ ਨਿਗਰਾਨੀ ਵਿੱਚ ਵਿਤਕਰੇ, ਭੇਦਭਾਵ, ਅਤੇ ਰੂੜੀਵਾਦ ਵਿਚਾਰਾਂ ਨੂੰ ਲੈ ਕੇ ਧਿਆਨਪੂਰਵਕ ਚੌਕਸ ਰਹਿਣਗੇ। ਸਟਾਫ ਕਿਸੇ ਵਿਦਿਆਰਥੀ ਦੇ ਅਜਿਹੇ ਕਿਸੇ ਵੀ - ਵਰਤਾਉ, ਜਿਸ ਨਾਲ ਕਿ ਕਿਸੇ ਹੋਰ ਵਿਦਿਆਰਥੀ ਦੀ ਸਕੂਲ ਸੇਵਾਵਾਂ, ਗਤੀਵਿਧੀਆਂ ਜਾਂ ਵਿਸ਼ੇਸ਼ ਅਧਿਕਾਰਾਂ ਵਿੱਚ ਹਿੱਸਾ ਲੈਣ ਜਾਂ ਉਹਨਾਂ ਦਾ ਲਾਭ ਲੈਣ ਦੀ ਯੋਗਤਾ ਵਿੱਚ ਰੁਕਾਵਟ ਪਵੇ, ਦੇ ਪ੍ਰਤੀ ਚੌਕਸ ਰਹੇਗਾ ਅਤੇ ਉਸ ਨੂੰ ਲੈ ਕੇ ਤੁਰੰਤ ਕਾਰਵਾਈ ਕਰੇਗਾ। ਗੈਰ-ਅਕਾਦਮਿਕ ਅਤੇ ਪੜ੍ਹਾਈ ਤੋਂ ਅਲਾਵਾ ਹੋਰਨਾਂ ਸੇਵਾਵਾਂ ਅਤੇ ਗਤੀਵਿਧੀਆਂ ਦੇ ਪ੍ਰਾਵਧਾਨ ਮੁਹੱਈਆ ਕਰਦੇ ਸਮੇਂ ਜਾਂ ਇਸਦਾ ਬੰਦੋਬਸਤ ਕਰਦੇ ਸਮੇਂ, ਡਿਸਟ੍ਰਿਕਟ ਯਕੀਨੀ ਬਣਾਏਗਾ ਕਿ ਅਪਾਹਜਤਾ ਵਾਲਾ ਵਿਦਿਆਰਥੀ, ਆਪਣੀ ਅਪਾਹਜਤਾ ਨੂੰ ਮੱਦੇ-ਨਜ਼ਰ ਰੱਖਦੇ ਹੋਏ, ਆਪਣੀਆਂ ਜ਼ਰੂਰਤਾਂ ਦੇ ਮੁਤਾਬਕ ਗਤੀਵਿਧੀਆਂ ਅਤੇ ਸੇਵਾਵਾਂ ਵਿੱਚ ਜਿੰਨਾਂ ਵੱਧ-ਤੋਂ-ਵੱਧ ਹੋ ਸਕੇ, ਗੈਰ-ਅਪਾਹਜ ਵਿਅਕਤੀਆਂ ਦੇ ਨਾਲ ਭਾਗ ਲਵੇ। ਡਿਸਟ੍ਰਿਕਟ ਗੈਰ-ਅਕਾਦਮਿਕ ਅਤੇ ਪੜ੍ਹਾਈ ਤੋਂ ਅਲਾਵਾ ਹੋਰਨਾਂ ਸੇਵਾਵਾਂ ਅਤੇ ਗਤੀਵਿਧੀਆਂ ਅਜਿਹੇ ਢੰਗ ਨਾਲ ਮੁਹੱਈਆ ਕਰੇਗਾ ਜੋ ਕਿ ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਅਜਿਹੀਆਂ ਸੇਵਾਵਾਂ ਅਤੇ ਗਤੀਵਿਧੀਆਂ ਵਿੱਚ ਭਾਗੀਦਾਰੀ ਦੇ ਬਰਾਬਰ ਅਵਸਰ ਮੁਹੱਈਆ ਕਰਨ ਲਈ ਯਕੀਨੀ ਹੋਵੇ। [BP 5145.3 (a & b)]

ਐਲਕ ਗ੍ਰੋਵ ਯੁਨੀਫਾਇਡ ਸਕੂਲ ਡਿਸਟ੍ਰਿਕਟ ਦੀ ਇੱਕ ਵਿਸ਼ੇਸ਼ ਪਾਲਸੀ ਵੀ ਹੈ ਜੋ ਕਿ, ਹੋਰਨਾਂ ਚੀਜਾਂ ਸਮੇਤ, ਅਸਲ ਜਾਂ ਆਪਣੇ ਵੱਲੋਂ ਮੰਨੇ ਖਾਨਦਾਨ, ਰੰਗ, ਅਪਾਹਜਤਾ, ਲਿੰਗ, ਲਿੰਗ ਪਛਾਣ, ਲਿੰਗ ਅਭਿਵਿਅਕਤੀ, ਇਮੀਗ੍ਰੇਸ਼ਨ ਸਥਿਤੀ, ਕੌਮੀਅਤ, ਜਾਤ ਜਾਂ ਨਸਲ, ਧਰਮ, ਲਿੰਗ, ਜਿਣਸੀ ਰੁਝਾਨ, ਉਮਰ, ਵਿਆਹੁਤਾ ਜਾਂ ਪੈਤ੍ਰਿਕ ਸਥਿਤੀ, ਜਾਂ ਇਹਨਾਂ ਵਿੱਚੋਂ ਇੱਕ ਜਾਂ ਵਧੇਰੀਆਂ ਅਸਲ ਜਾਂ ਆਪਣੇ ਵੱਲੋਂ ਮੰਨੀਆਂ ਵਿਸ਼ੇਸ਼ਤਾਵਾਂ ਵਾਲੇ ਕਿਸੇ ਵਿਅਕਤੀ ਜਾਂ ਸਮੂਹ ਦੇ ਨਾਲ ਸੰਬੰਧ ਦੇ ਅਧਾਰ 'ਤੇ ਧੱਕੇਸ਼ਾਹੀਕਰਨ 'ਤੇ ਪ੍ਰਤਿਬੰਧ ਲਗਾਉਂਦੀ ਹੈ। [BP 5131.2] ਇਸ ਪਾਲਸੀ ਦੇ ਉਦੇਸ਼ਾਂ ਲਈ, ਧੱਕੇਸ਼ਾਹੀ ਦੀ ਪਰਿਭਾਸ਼ਾ ਹੈ ਅਜਿਹਾ ਕੋਈ ਵੀ ਪਰੇਸ਼ਾਨ ਕਰਨ ਵਾਲਾ ਕੰਮ ਜਾਂ ਵਤੀਰਾ, ਜਿਸ ਦੀ ਕਿਸਮ ਸਰੀਰਕ, ਮੌਖਿਕ, ਲਿਖਤ, ਮਾਨਸਿਕ ਜਾਂ ਜਿਣਸੀ ਹੋ ਸਕਦੀ ਹੈ। ਇਹਨਾਂ ਵੱਖ-ਵੱਖ ਕਿਸਮਾਂ ਵਿੱਚ ਧੱਕਾਸ਼ਾਹੀ ਦੀਆਂ ਉਦਾਹਰਨਾਂ ਇਹ ਹਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ:

- **ਸਰੀਰਕ: ਮਾਰਨਾ, ਲੱਤ ਮਾਰਨਾ, ਥੁੱਕਣਾ, ਅਤੇ ਧੱਕਣਾ;**
- **ਮੌਖਿਕ ਜਾਂ ਲਿਖਤ: ਤੰਗ ਕਰਨਾ, ਧਮਕੀ ਦੇਣਾ, ਅਤੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਨਾ;**
- **ਮਾਨਸਿਕ: ਸਮਾਜਕ ਇਕੱਲਤਾ, ਚਲਾਕੀ ਨਾਲ ਕੰਮ ਨਿਕਲਵਾਉਣਾ, ਅਫਵਾਹਾਂ ਫੈਲਾਉਣਾ, ਅਤੇ ਡਰਾਉਣਾ-ਧਮਕਾਉਣਾ; ਅਤੇ/ਜਾਂ**
- **ਜਿਣਸੀ: ਹੱਥ ਲਗਾਉਣਾ, ਹਮਲਾ ਕਰਨਾ, ਅੰਗ-ਪ੍ਰਦਰਸ਼ਨ ਕਰਨਾ ਅਤੇ ਉੱਪਰ ਦਿੱਤੇ ਕੰਮਾਂ ਵਿੱਚੋਂ ਕਈ ਸਾਰੇ**

## ਸੂਚਨਾ ਦੇਣ ਦੀ ਪ੍ਰਕਿਰਿਆ

ਜੇ ਕਿਸੇ ਵੀ ਵਿਦਿਆਰਥੀ ਨੂੰ ਲੱਗਦਾ ਹੋਵੇ ਕਿ ਉਸ ਨਾਲ ਜਾਂ ਡਿਸਟ੍ਰਿਕਟ ਦੇ ਕਿਸੇ ਹੋਰ ਵਿਦਿਆਰਥੀ ਨਾਲ ਕਿਸੇ ਵਿਦਿਆਰਥੀ, ਕਰਮਚਾਰੀ, ਜਾਂ ਡਿਸਟ੍ਰਿਕਟ ਦੇ ਜਾਂ ਵਿਚਲੇ ਕਿਸੇ ਹੋਰ ਵਿਅਕਤੀ ਵੱਲੋਂ ਅਵੈਧ ਤਰੀਕੇ ਨਾਲ ਪੱਖਪਾਤ, ਛੇੜਖਾਨੀ, ਡਰਾਇਆ-ਧਮਕਾਇਆ ਜਾਂ ਧੱਕਾਸ਼ਾਹੀ ਕੀਤੀ ਜਾ ਰਹੀ ਹੈ, ਤਾਂ ਉਸ ਨੂੰ ਤੁਰੰਤ ਸਕੂਲ ਦੇ ਸਟਾਫ ਜਾਂ ਕਿਸੇ ਪ੍ਰਬੰਧਕ ਜਿਵੇਂ ਪ੍ਰਿੰਸੀਪਲ ਜਾਂ ਵਾਈਸ ਪ੍ਰਿੰਸੀਪਲ ਨੂੰ ਸੂਚਿਤ ਕਰਨਾ ਚਾਹੀਦਾ ਹੈ, ਤਾਂ ਜੋ ਮੁੱਦੇ ਦੀ ਛਾਣਬੀਣ ਕੀਤੀ ਜਾ ਸਕੇ ਅਤੇ ਉਸਦਾ ਨਿਪਟਾਰਾ ਕੀਤਾ ਜਾ ਸਕੇ। ਕੋਈ ਵਿਦਿਆਰਥੀ ਜਾਂ ਮਾਤਾ/ਪਿਤਾ ਡਿਸਟ੍ਰਿਕਟ ਦੀਆਂ ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ (Uniform Complaint Procedures) ਦੇ ਮੁਤਾਬਕ ਲਿਖਤ ਵਿੱਚ ਵੀ ਸ਼ਿਕਾਇਤ ਦਰਜ ਕਰ ਸਕਦੇ ਹਨ। [BP & AR 1312.3, BP 5131.2, and BP 5145.3] ਡਿਸਟ੍ਰਿਕਟ ਅਜਿਹੇ ਕਿਸੇ ਵੀ ਵਿਅਕਤੀ ਦੇ ਵਿਰੁੱਧ ਬਦਲੇ ਦੀ ਭਾਵਨਾ 'ਤੇ ਪ੍ਰਤਿਬੰਧ ਲਗਾਉਂਦਾ ਹੈ ਜੋ ਕੋਈ ਸ਼ਿਕਾਇਤ ਦਰਜ ਕਰਦਾ ਹੈ ਜਾਂ ਸ਼ਿਕਾਇਤ ਦੀ ਪ੍ਰਕਿਰਿਆ ਵਿੱਚ ਭਾਗ ਲੈਂਦਾ ਹੈ ਜਾਂ ਗਵਾਹ ਬਣਦਾ ਹੈ। ਹਰੇਕ ਸ਼ਿਕਾਇਤ ਦੀ ਪੂਰੀ ਤਰ੍ਹਾਂ ਇਸ ਤਰੀਕੇ ਨਾਲ ਛਾਣਬੀਣ ਕੀਤੀ ਜਾਵੇਗੀ ਕਿ ਜਿਸ ਨਾਲ ਸੰਬੰਧਤ ਸਾਰੀਆਂ ਧਿਰਾਂ ਦੀ ਗੁਪਤਤਾ ਬਰਕਰਾਰ ਰਹੇ, ਅਤੇ ਜੇਕਰ ਕੋਈ ਪੱਖਪਾਤ, ਛੇੜਖਾਨੀ, ਡਰਾਉਣ-ਧਮਕਾਉਣ ਜਾਂ ਬਦਮਾਸ਼ੀ ਧੱਕੇਸ਼ਾਹੀ ਕਰਨ ਦਾ ਮਾਮਲਾ ਪਾਇਆ ਜਾਂਦਾ ਹੈ, ਤਾਂ ਉਸ ਦੇ ਹੱਲ ਲਈ ਵਾਜਬ ਕਾਰਵਾਈ ਕੀਤੀ ਜਾਵੇਗੀ।

## ਵਧੇਰੀ ਜਾਣਕਾਰੀ

ਇਹਨਾਂ ਪਾਲਸੀਆਂ, ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਦਾਰੀਆਂ, ਜਾਂ ਕਥਿਤ ਪੱਖਪਾਤ, ਛੇੜਖਾਨੀ, ਡਰਾਏ-ਧਮਕਾਏ ਜਾਣ, ਜਾਂ ਧੱਕੇਸ਼ਾਹੀ ਕੀਤੇ ਜਾਣ ਦੀ ਸ਼ਿਕਾਇਤ ਕਿਵੇਂ ਕਰਨੀ ਹੈ, ਇਸ ਬਾਰੇ ਵਧੇਰੀ ਜਾਣਕਾਰੀ **ਕਨੂੰਨੀ ਅਨੁਪਾਲਣ ਮਾਹਰ**, legalcompliance@egusd.net, 916-686-7795, Elk Grove Unified School District, 9510 Elk Grove-Florin Road, Elk Grove, CA 95624 ਦੇ ਨਾਲ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਲਿੰਗੀ ਅਧਾਰ 'ਤੇ ਪੱਖਪਾਤ ਨੂੰ ਲੈ ਕੇ ਸ਼ਿਕਾਇਤਾਂ ਲਈ, ਹੇਠਾਂ ਦਿੱਤੇ ਉਚਿਤ ਟਾਈਟਲ IX ਅਤੇ ਗੈਰ-ਪੱਖਪਾਤ ਕੋਆਰਡੀਨੇਟਰ ਦੇ ਨਾਲ ਸੰਪਰਕ ਕਰੋ:

**ਕਿਸੇ ਵਿਦਿਆਰਥੀ ਦੇ ਵਿਰੁੱਧ ਵਿਦਿਆਰਥੀ ਦੀਆਂ ਸ਼ਿਕਾਇਤਾਂ ਲਈ:**

**ਸਹਾਇਕ ਸੁਪਰਡੈਂਟ, PreK-6 ਸਿੱਖਿਆ**

(916) 686-7704; TitleIX@egusd.net
9510 Elk Grove-Florin Road
Elk Grove, CA 95624; ਜਾਂ

**ਸਹਾਇਕ ਸੁਪਰਡੈਂਟ, ਸਕੈਂਡਰੀ ਸਿੱਖਿਆ**

(916) 686-7706; TitleIX@egusd.net
9510 Elk Grove-Florin Road
Elk Grove, CA 95624

ਕਾਰਜਕਾਰੀ ਨਿਰਦੇਸ਼ਕ, ਸਿੱਖਿਆ ਸੇਵਾਵਾਂ

(916) 831-2041; TitleIX@egusd.net
9510 Elk Grove-Florin Road
Elk Grove, CA 95624

**ਕਰਮਚਾਰੀਆਂ ਦੇ ਵਿਰੁੱਧ ਸ਼ਿਕਾਇਤਾਂ ਲਈ:**

ਕਨੂੰਨੀ ਅਨੁਪਾਲਣ ਮਾਹਰ, ਮਨੁੱਖੀ ਸੰਸਾਧਨ

(916) 686-7795; TitleIX@egusd.net
9510 Elk Grove-Florin Road
Elk Grove, CA 95624

ਪੱਖਪਾਤ, ਛੇੜਖਾਨੀ (ਜਿਣਸੀ ਛੇੜਖਾਨੀ ਸਮੇਤ), ਅਤੇ ਡਰਾਉਣ-ਧਮਕਾਉਣ ਅਤੇ ਧੱਕਾਸ਼ਾਹੀਕਰਨ 'ਤੇ ਪ੍ਰਤਿਬੰਧ ਲਗਾਉਂਦੀਆਂ ਡਿਸਟ੍ਰਿਕਟ ਦੀਆਂ ਪਾਲਸੀਆਂ ਦੀਆਂ ਕਾਪੀਆਂ, ਅਤੇ ਇਕਸਾਰ ਸ਼ਿਕਾਇਤ ਪ੍ਰਕਿਰਿਆ ਦੀਆਂ ਕਾਪੀਆਂ ਡਿਸਟ੍ਰਿਕਟ ਦੀ ਇੰਟਰਨੈੱਟ ਸਾਈਟ – www.egusd.net 'ਤੇ ਵੀ ਮੌਜੂਦ ਹਨ ਅਤੇ ਇਹਨਾਂ ਨੂੰ "Students & Parents" ਅਤੇ "District Policies/ Procedures/Notices" ਲਿੰਕ 'ਤੇ ਜ਼ਰੀਏ ਪ੍ਰਾਪਤ ਕੀਤਾ ਜਾ ਸਕਦਾ ਹੈ।